# Prime Minister Shri NarendraModi and President of the Republic of Seychelles H.E. WavelRamkalawan jointly inaugurate a range of Development Assistance Projects at India-Seychelles High Level Virtual Event (April 8, 2021)

April 08, 2021

……………………………………………………………………………………………

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਸੇਸ਼ੇਲਸ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਵੇਵਲ ਰਾਮਕਲਾਵਾਨ ਵੱਲੋਂ ਭਾਰਤ-ਸੇਸ਼ੇਲਜ਼ ਉੱਚ ਪੱਧਰੀ ਵਰਚੂਅਲ ਸਮਾਗਮ (8 ਅਪ੍ਰੈਲ, 2021) ਵੱਚ ਵੱਖੋ ਵੱਖ ਵਕਿਾਸ ਸਹਾਇਤਾ ਪ੍ਰੋਜੈਕਟਾਂ ਦਾ ਸਾਂਝੇ ਤੌਰ 'ਤੇ ਉਦਘਾਟਨ (8 ਅਪ੍ਰੈਲ, 2021)

8 ਅਪ੍ਰੈਲ, 2021

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸੇਸ਼ੇਲਜ਼ ਦੇ ਰਾਸ਼ਟਰਪਤੀ ਮਹਾਮਹਿਮ ਨਾਲ ਅੱਜ ਇੱਕ ਵਰਚੂਅਲ ਪ੍ਰੋਗਰਾਮ ਵਿੱਚ ਹਿੱਸਾ ਲਿਆ. ਇਹ ਵਰਚੂਅਲ ਸਮਾਗਮ ਸੇਸੇਲੇਸ਼ ਵਿੱਚ ਭਾਰਤ ਦੁਆਰਾ ਵਿਤਪੋਸ਼ਤ ਕੀਤੇ ਗਏ ਕਈ ਵਿਕਾਸ ਸਹਾਇਤਾ ਪ੍ਰਾਜੈਕਟਾਂ ਦੇ ਸਾਂਝੇ ਈ-ਉਦਘਾਟਨ ਅਤੇ ਸੇਸ਼ੇਲਜ਼ ਕੋਸਟ ਗਾਰਡ ਦੀ ਵਰਤੋਂ ਲਈ ਭਾਰਤ ਦੁਆਰਾ ਸਪਲਾਈ ਕੀਤੇ ਗਏ ਇੱਕ ਤੇਜ਼ ਗਸ਼ਤੀ ਪੋਤ ਨੂੰ ਸੌਂਪੇ ਜਾਣ ਲਈ ਕਰਾਇਆ ਗਿਆ ਸੀ।

ਵਰਚੂਅਲ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਰਾਮਕਲਾਵਾਨ ਨੇ ਸਾਂਝੇ ਤੌਰ 'ਤੇ ਸੇਸ਼ੇਲਜ਼ ਵਿੱਚ ਬਣੀ ਨਵੀਂ 'ਮੈਜਿਸਟ੍ਰੇਟਸ ਕੋਰਟ' ਦੀ ਇਮਾਰਤ ਦਾ ਉਦਘਾਟਨ ਕੀਤਾ। ਇਹ ਇਮਾਰਤ ਸੇਸ਼ੇਲਜ਼ ਵਿੱਚ ਭਾਰਤੀ ਸਹਾਇਤਾ ਪ੍ਰਾਪਤ ਪਹਿਲਾ ਬੁਨਿਆਦੀ ਢਾਂਚਾ ਪ੍ਰਾਜੈਕਟ ਹੈ ਅਤੇ ਇਸਨੂੰ ਭਾਰਤ ਸਰਕਾਰ ਵੱਲੋਂ ਦਿੱਤੀ ਗਈ 35 ਲੱਖ ਡਾਲਰ ਦੀ ਗ੍ਰਾਂਟ ਸਹਾਇਤਾ ਨਾਲ ਬਣਾਇਆ ਗਿਆ ਹੈ। ਸੇਸ਼ੇਲਸ ਦੀ ਰਾਜਧਾਨੀ ਵਿਕਟੋਰੀਆ ਦੇ ਕੇਂਦਰ ਵਿੱਚ ਸਥਿਤ ਇਹ ਇਮਾਰਤ ਆਧੁਨਿਕ ਡਿਜ਼ਾਇਨ ਅਤੇ ਉੱਚ ਗੁਣਵੱਤਾ ਦੇ ਮਿਆਰਾਂ ਮੁਤਾਬਕ ਤਿਆਰ ਕੀਤੀ ਗਈ ਹੈ, ਇਹ ਮੈਜਿਸਟ੍ਰੇਟਸ ਕੋਰਟ ਸੇਸ਼ੇਲਜ਼ ਦੀ ਨਿਆਂ ਪ੍ਰਣਾਲੀ ਦੀ ਸਮਰੱਥਾ ਨੂੰ ਕਾਫੀ ਉਤਸ਼ਾਹ ਦੇਵੇਗੀ ਅਤੇ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸਹਿਯੋਗ ਦੀ ਇੱਕ ਮਹੱਤਵਪੂਰਣ ਪ੍ਰਤੀਕ ਬਣੇਗੀ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਵਰਚੂਅਲ ਪ੍ਰੋਗਰਾਮ ਦੌਰਾਨ ਸੇਸ਼ੇਲਜ਼ ਦੇ ਰਾਸ਼ਟਰਪਤੀ ਨੂੰ 48.9 ਮੀਟਰ ਤੇਜ਼ ਗਸ਼ਤੀ ਪੋਤ (FPV) ਵੀ ਸੌਂਪਿਆ। ਭਾਰਤੀ ਗ੍ਰਾਂਟ ਸਹਾਇਤਾ ਅਧੀਨ ਤੋਹਫੇ ਵਜੋਂ ਦਿੱਤਾ ਗਿਆ, 100 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਇਹ FPV 4 ਮੈਸਰਜ਼ GRSE, ਕਲਕੱਤਾ ਦੁਆਰਾ ਬਣਾਇਆ ਗਿਆ ਹੈ, ਜਿਸ ਨਾਲ ਸੇਸ਼ੇਲਜ਼ ਨੂੰ ਆਪਣੀ ਸਮੁੰਦਰੀ ਨਿਗਰਾਨੀ ਸਮਰੱਥਾ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ। ਇਹ ਆਧੁਨਿਕ ਅਤੇ ਉੱਨਤ ਪੋਤ ਸੇਸ਼ੇਲਜ਼ ਕੋਸਟ ਗਾਰਡ ਨੂੰ ਆਪਣੀ ਵਿਸ਼ਾਲ ਸਮੁੰਦਰੀ ਜਾਇਦਾਦ ਦੀ ਪ੍ਰਭਾਵਸ਼ਾਲੀ ਗਸ਼ਤ ਲਾਉਣ ਅਤੇ ਬਚਾਅ ਕਰਨ ਵਿੱਚ ਬਹੁਤ ਮਦਦ ਦੇਵੇਗਾ ਅਤੇ ਸੇਸ਼ੇਲਜ਼ ਦੇ ਸਮੁੰਦਰ ਵਿੱਚ ਸਮੁੰਦਰੀ ਡਕੈਤੀ, ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਅਤੇ ਗੈਰਕਾਨੂੰਨੀ ਢੰਗ ਨਾਲ ਮੱਛੀ ਫੜਨ ਵਰਗੇ ਖਤਰਿਆਂ ਦਾ ਮੁਕਾਬਲਾ ਕਰਨ ਵਿੱਚ ਸਹਾਇਤਾ ਮਿਲੇਗੀ। ਇਸ ਪੋਤ ਦੀ ਸਪਲਾਈ ਸਮੁੰਦਰੀ ਸੁਰੱਖਿਆ ਦੇ ਮਾਮਲੇ 'ਚ ਭਾਰਤ ਅਤੇ ਸੇਸ਼ੇਲਜ਼ ਦਰਮਿਆਨ ਪੁਰਾਣੇ ਅਤੇ ਡੂੰਘੇ ਸਹਿਯੋਗ ਅਤੇ ਭਾਰਤ ਦੇ ਸੀਸ਼ੇਲਜ਼ ਦੇ ਭਰੋਸੇਮੰਦ ਅਤੇ ਪਸੰਦੀਦਾ ਸੁਰੱਖਿਆ ਭਾਈਵਾਲ ਹੋਣ ਦੇ ਨਜ਼ਰੀਏ ਅਨੁਸਾਰ ਹੈ।

ਇਸ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਅਤੇ ਸੇਸ਼ੇਲਜ਼ ਦੇ ਰਾਸ਼ਟਰਪਤੀ ਨੇ ਸੇਸ਼ਲੇਸ ਦੇ ਰੋਮੇਨ ਵਿੱਲੇ ਟਾਪੂ ਵਿੱਚ ਭਾਰਤੀ ਗ੍ਰਾਂਟ ਸਹਾਇਤਾ ਨਾਲ ਬਣੇ 1 ਮੈਗਾਵਾਟ ਦੇ ਸੌਰ ਊਰਜਾ ਪਲਾਂਟ ਦਾ ਸਾਂਝੇ ਤੌਰ ਤੇ ਈ-ਉਦਘਾਟਨ ਕੀਤਾ। ਦੋਵਾਂ ਪਤਵੰਤਿਆਂ ਨੇ ਸੇਸ਼ੇਲਜ਼ ਵਿੱਚ ਦਸ (10) ਭਾਰਤੀ ਉੱਚ ਪ੍ਰਭਾਵ ਸਮੁਦਾਇਕ ਵਿਕਾਸ ਪ੍ਰੋਜੈਕਟਾਂ (HICDPs) ਦਾ ਉਦਘਾਟਨ ਵੀ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਸੇਸ਼ਲੇਸ ਨਾਲ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਲੋਕ- ਕੇਂਦਰੀ ਬੁਨਿਆਦੀ ਢਾਂਚੇ ਪ੍ਰਾਜੈਕਟਾਂ ਵਿੱਚ ਵਿਕਾਸ ਦੀ ਭਾਈਵਾਲੀ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਧੁਨਿਕ ਡਿਜ਼ਾਇਨ ਅਤੇ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਨਵਾਂ ਮੈਜਿਸਟ੍ਰੇਟਜ਼ ਕੋਰਟ ਸੇਸ਼ਲੇਸ ਦੇ ਲੋਕਾਂ ਨੂੰ ਨਿਆਂਇਕ ਸੇਵਾਵਾਂ ਦੇਣ ਦੇ ਕੇਂਦਰ ਵਜੋਂ ਕੰਮ ਕਰੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸੇਸ਼ਲੇਸ ਨੂੰ ਦਿੱਤਾ ਗਿਆ ਤੇਜ਼ ਗਸ਼ਤੀ ਪੋਤ ਦਾ ਤੋਹਫ਼ਾ ਸੇਸ਼ੇਲਜ਼ ਨੂੰ ਆਪਣੀ ਸਮੁੰਦਰੀ ਜਗ੍ਹਾ ਦੀ ਰਾਖੀ ਅਤੇ ਨਿਗਰਾਨੀ ਕਰਨ ਵਿੱਚ ਇਸ ਦੀਆਂ ਸਮਰੱਥਾਵਾਂ ਨੂੰ ਮਜ਼ਬੂਤ ਪ੍ਰਤੀ ਭਾਰਤ ਦੀ ਵਚਨਬੱਧਤਾ ਦਰਸਾਉਂਦਾ ਹੈ।

ਰਾਸ਼ਟਰਪਤੀ ਵੇਵਲ ਰਾਮਕਲਾਵਾਨ ਨੇ ਸੇਸ਼ਲੇਸ ਦੀ ਸੁਰੱਖਿਆ ਅਤੇ ਵਿਕਾਸ ਦੀਆਂ ਜਰੂਰਤਾਂ ਪੂਰੀਆਂ ਕਰਨ ਵਿੱਚ ਭਾਰਤ ਵੱਲੋਂ ਦਿੱਤੇ ਗਈ ਲਗਾਤਾਰ ਮਦਦ ਨੂੰ ਦੋਵਾਂ ਦੇਸ਼ਾਂ ਦਰਮਿਆਨ ਮਜ਼ਬੂਤ ਅਤੇ ਨੇੜਲੇ ਸਬੰਧਾਂ ਦਾ ਪ੍ਰਤੀਬਿੰਬ ਆਖਿਆ ਅਤੇ ਭਾਰਤ ਨੂੰ ਨਿੱਘਾ ਧੰਨਵਾਦ ਦਿੱਤਾ।

ਨਵੀਂ ਮੈਜਿਸਟ੍ਰੇਟਸ ਕੋਰਟ ਇਮਾਰਤ ਦਾ ਈ-ਉਦਘਾਟਨ, 1 ਮੈਗਾਵਾਟ ਦੇ ਸੋਲਰ ਪਾਵਰ ਪਲਾਂਟ, HICDPs ਅਤੇ FPV ਦਾ ਸੌਂਪਿਆ ਜਾਣਾਂ ਸੇਸ਼ੇਲਜ਼ ਦੇ ਪੁਰਾਣੇ ਅਤੇ ਭਰੋਸੇਮੰਦ ਸਾਥੀ ਵਜੋਂ ਭਾਰਤ ਦੀ ਲਗਾਤਾਰ ਭੂਮਿਕਾ ਅਤੇ ਹੋਰ ਡੂੰਘੇ ਦੁਵੱਲੇ ਸਬੰਧਾਂ ਪ੍ਰਤੀ ਇਸਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸਮਾਗਮ ਵਿੱਚ ਵਿਖਾਏ ਗਏ ਸਹਿਯੋਗੀ ਪ੍ਰਾਜੈਕਟ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'SAGAR - Security and Growth for all in the Region' ਦੇ ਸੁਪਨੇ ਨਾਲ ਮੇਲ ਖਾਂਦੇ ਹਨ।

ਨਵੀਂ ਦਿੱਲੀ
8 ਅਪ੍ਰੈਲ, 2021

DISCLAIMER: This is an approximate translation. The original is available in English on MEA's website and may be referred to as the official press release.